# ਸ਼ਾਨਦਾਰ ਸੰਗਰੂਰ



ਜੋ ਕਿਹਾ ਉਹ ਕਰਕੇ ਦਿਖਾਇਆ

ਵਿਜੈ ਹੀ ਵਿਕਾਸ ਹੈ ਵਿਜੈ ਤੇ ਹੀ ਵਿਸ਼ਵਾਸ ਹੈ

ਸ਼ਾਨਦਾਰ ਸੰਗਰੂਰ



# ਅਪੀਲ

ਮੇਰੇ ਪਿਆਰੇ ਹਲਕਾ ਨਿਵਾਸੀਓ


ਕਾਂਗਰਸ ਪਾਰਟੀ ਨੇ ਮੈਨੂੰ 2009 ਵਿੱਚ ਲੋਕ ਸਭਾ ਦੀ ਚੋਣ ਲੜਨ ਲਈ ਸੰਗਰੂਰ ਵਿਖੇ ਭੇਜਿਆ। ਮੇਰੇ ਜੱਦੀ ਪਿੰਡ ਗਾਜੇਵਾਸ ਦੇ ਖੇਤਾਂ ਦੀਆਂ ਵੱਟਾਂ ਸੰਗਰੂਰ ਹਲਕੇ ਨਾਲ ਸਾਂਝੀਆਂ ਹਨ। ਇਸ ਸਾਂਝ ਦੀ ਬਦੌਲਤ ਆਪ ਸਭ ਵੱਲੋਂ ਦਿੱਤੇ ਅਥਾਹ ਪਿਆਰ ਸਦਕਾ ਮੈਨੂੰ ਹਿੰਦੁਸਤਾਨ ਦੀ ਸਭ ਤੋਂ ਵੱਡੀ ਪੰਚਾਇਤ, ਲੋਕ ਸਭਾ ਦਾ ਮੈਂਬਰ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਤੁਹਾਡੇ ਦੁਆਰਾ ਦਿੱਤੇ ਪਿਆਰ, ਤੁਹਾਡੇ ਦੁਆਰਾ ਦਿੱਤੀ ਤਾਕਤ ਸਦਕਾ ਪੱਛੜੇ ਹੋਏ ਇਲਾਕੇ ਵਜੋਂ ਜਾਣੇ ਜਾਂਦੇ ਸੰਗਰੂਰ ਤੋਂ ਪਛੜੇਪਣ ਦਾ ਦਾਗ ਉਤਾਰਨ ਲਈ ਮੈਂ ਸਿਰ ਤੋੜ ਯਤਨ ਆਰੰਭੇ ਅਤੇ ਆਪ ਸਭ ਦੇ ਅਸ਼ੀਰਵਾਦ ਸਦਕਾ ਮੈਂ ਪੀ.ਜੀ.ਆਈ. ਹਸਪਤਾਲ, ਕੈਂਸਰ ਹਸਪਤਾਲ, ਸਿੰਥੈਟਿਕ ਅਥਲੈਟਿਕ ਟਰੈਕ ਵਰਗੇ ਵੱਡੇ ਪ੍ਰਾਜੈਕਟ ਸੰਗਰੂਰ ਵਿਖੇ ਲਿਆਉਣ ਵਿੱਚ ਸਫ਼ਲ ਹੋਇਆ। ਸੰਗਰੂਰ ਨੂੰ ਪੂਰੇ ਦੇਸ਼ ਦੇ ਵੱਡੇ ਸ਼ਹਿਰਾਂ ਨਾਲ ਰੇਲਵੇ ਕੁਨੈਕਟੀਵਿਟੀ ਰਾਹੀਂ ਜੋੜਨ ਲਈ ਕੰਮ ਕੀਤਾ ।

2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਵੱਲੋਂ ਤੁਹਾਡੇ ਇਸ ਸੇਵਾਦਾਰ ਨੂੰ ਸੰਗਰੂਰ ਹਲਕੇ ਵਿੱਚੋਂ ਚੋਣ ਮੈਦਾਨ ਵਿੱਚ ਉਤਾਰਿਆ ਤਾਂ ਤੁਹਾਡੇ ਦੁਆਰਾ ਦਿੱਤੇ ਮਣਾਂ ਮੂੰਹੀ ਪਿਆਰ ਤੇ ਅਸ਼ੀਰਵਾਦ ਸਦਕਾ ਪੰਜਾਬ ਦੀ ਵਜ਼ਾਰਤ ਵਿੱਚ ਬਤੌਰ ਕੈਬਨਿਟ ਮੰਤਰੀ ਪੰਜਾਬ ਦੀ ਸੇਵਾ ਕਰਨ ਦਾ ਬਲ ਅਤੇ ਮੌਕਾ ਪ੍ਰਾਪਤ ਹੋਇਆ। ਮੇਰਾ ਰੋਮ ਰੋਮ ਸੰਗਰੂਰ ਵਾਸੀਆਂ ਦਾ ਅਹਿਸਾਨਮੰਦ ਹੈ, ਕਰਜ਼ਈ ਹੈ। ਤੁਹਾਡੇ ਇਸ ਕਰਜ਼ ਨੂੰ ਉਤਾਰਨ ਲਈ ਪਿਛਲੇ ਪੰਜ ਸਾਲਾਂ ਦੌਰਾਨ ਮੈਂ ਦਿਨ ਰਾਤ ਸਖ਼ਤ ਮਿਹਨਤ ਕੀਤੀ। ਕਦੇ ਸੌਂ ਕੇ ਨਹੀਂ ਦੇਖਿਆ। ਸੰਗਰੂਰ ਹਲਕੇ ਦੀ ਨੁਹਾਰ ਬਦਲਣ ਲਈ ਸਿਰ ਤੋੜ ਯਤਨ ਕੀਤੇ ਤਾਂ ਜੋ ਸੰਗਰੂਰ ਹਲਕੇ ਦਾ ਹਰ ਬਾਸ਼ਿੰਦਾ ਉਨ੍ਹਾਂ ਸਹੂਲਤਾਂ ਨੂੰ ਮਾਣ ਸਕੇ, ਜੋ ਵੱਡੇ ਵੱਡੇ ਸ਼ਹਿਰਾਂ ਦੇ ਸ਼ਹਿਰੀਆਂ ਨੂੰ ਮਿਲਦੀਆਂ ਹਨ।

ਸ਼ਾਨਦਾਰ ਸੰਗਰੂਰ ਵਿੱਚ ਦਰਜ ਮੇਰੀਆਂ ਉਪਲੱਬਧੀਆਂ ਨੂੰ ਧਿਆਨ ਤੇ ਡੂੰਘਾਈ ਨਾਲ ਵਾਚਿਓ ਕਿਉਂਕਿ 2022 ਦੀਆਂ ਚੋਣਾਂ ਵਿੱਚ ਸੰਗਰੂਰ ਨੂੰ ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚੋਂ ਵਿਕਸਤ ਸ਼ਹਿਰ ਤੇ ਸੰਗਰੂਰ ਹਲਕੇ ਨੂੰ ਸਾਰੇ ਪੰਜਾਬ ਵਿੱਚੋਂ ਮੋਹਰੀ ਹਲਕਾ ਬਣਾਉਣ ਦੀ ਕੁਵਾਇਤ ਨੂੰ ਹੋਰ ਤੇਜ਼ ਕਰਨ ਲਈ ਮੈਨੂੰ ਤੁਹਾਡੇ ਪਿਆਰ, ਸਹਿਯੋਗ ਅਤੇ ਅਸ਼ੀਰਵਾਦ ਦੀ ਜ਼ਰੂਰਤ ਹੈ।

ਤੁਹਾਡਾ ਆਪਣਾ

ਵਿਜੈ ਇੰਦਰ ਸਿੰਗਲਾ



"ਤੁਹਾਡੇ ਵਿਸ਼ਵਾਸ ਨੂੰ
ਜ਼ਿੰਮੇਵਾਰੀ ਸਮਝਦੇ ਹੋਏ ਹਲਕੇ ਲਈ
ਜਿੱਥੇ ਸਿਹਤ, ਸਿੱਖਿਆ, ਉੱਤਮ ਸੜਕਾਂ,
ਅੰਤਰਰਾਸ਼ਟਰੀ ਪੱਧਰ ਦੀਆਂ ਖੇਡ
ਸਹੂਲਤਾਂ ਪ੍ਰਦਾਨ ਕੀਤੀਆਂ, ਉੱਥੇ ਹੀ
ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ
ਸੀਮਿੰਟ ਦੇ ਵੱਡੇ ਕਾਰਖਾਨੇ
ਦੀ ਸਥਾਪਨਾ ਦਾ ਕੰਮ ਸ਼ੁਰੂ ਕਰਵਾਇਆ।
ਆਪਣਾ ਫ਼ਰਜ਼ ਤਨਦੇਹੀ ਨਾਲ ਨਿਭਾਇਆ ਅਤੇ
ਨਿਭਾਉਂਦਾ ਰਹਾਂਗਾ"

– ਤੁਹਾਡਾ ਆਪਣਾ

**ਵਿਜੈ ਇੰਦਰ ਸਿੰਗਲਾ**



# ਸ਼ਾਨਦਾਰ ਸੰਗਰੂਰ

**ਮਹਾਰਾਜਾ ਅਗਰਸੈਨ ਚੇਅਰ –** ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਮਹਾਰਾਜਾ ਅਗਰਸੈਨ ਚੇਅਰ ਸਥਾਪਿਤ ਕੀਤੀ ਗਈ। ਇਸ ਮਹਾਨ ਕਾਰਜ ਲਈ 7.5 ਕਰੋੜ ਰਾਖਵਾਂ ਰੱਖਿਆ ਗਿਆ ਤਾਂ ਜੋ ਵਿਦਿਆਰਥੀ ਮਹਾਰਾਜਾ ਅਗਰਸੈਨ ਦੇ ਆਦਰਸ਼ਾਂ ਉਪਰ ਰੀਸਰਚ ਕਰ ਸਕਣ।

**ਮਹਾਰਾਜਾ ਅਗਰਸੈਨ ਮਾਰਗ –** ਭਵਾਨੀਗੜ੍ਹ-ਸੁਨਾਮ-ਭੀਖੀ-ਬੁਢਲਾਡਾ-ਬੋਹਾ 87 ਕਿਲੋਮੀਟਰ ਲੰਬੀ ਸੜਕ ਦਾ ਨਾਂ ਮਹਾਰਾਜਾ ਅਗਰਸੈਨ ਜੀ ਦੇ ਨਾਂ ਤੇ ਰੱਖਿਆ ਗਿਆ। ਇਸ ਮਾਰਗ ਨੂੰ ਚਹੁੰ ਮਾਰਗੀ ਸੜਕ ਵਿੱਚ ਤਬਦੀਲ ਕੀਤਾ ਜਾਵੇਗਾ। ਹਰਿਆਣਾ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਬੋਹਾ ਤੋਂ ਅਗਰੋਹਾ ਧਾਮ ਤੱਕ ਸੜਕ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਮਹਾਰਾਜਾ ਅਗਰਸੈਨ ਜੀ ਨੂੰ ਸਮਰਪਿਤ ਕੀਤਾ ਜਾਵੇ।

**ਮੇਰੇ ਹਲਕੇ ਦੀਆਂ ਗਊ ਸ਼ਾਲਾਵਾਂ ਦੀ ਸਥਿਤੀ ਸੁਧਰੇ –** ਗਊ ਵੰਸ਼ ਦੀ ਸਹੀ ਦੇਖਭਾਲ ਹੋਵੇ ਅਤੇ ਗਊਆਂ ਦਾ ਰੱਖ-ਰਖਾਵ ਹੋਰ ਬੇਹਤਰ ਹੋਵੇ ਇਸ ਖਾਤਰ ਸ਼੍ਰੀ ਗਊਸ਼ਾਲਾ ਪ੍ਰਬੰਧਕ ਕਮੇਟੀ, ਰਾਮਪੁਰਾ ਰੋਡ ਭਵਾਨੀਗੜ੍ਹ ਨੂੰ 70 ਲੱਖ, ਗਊ ਰਕਸ਼ਕ ਮੰਡਲ ਗਊਸ਼ਾਲਾ ਰੋਡ ਨੂੰ 1.30 ਕਰੋੜ ਅਤੇ ਗਊ ਧਾਮ ਉਭਾਵਾਲ ਰੋਡ ਸੰਗਰੂਰ ਨੂੰ 25 ਲੱਖ ਗਰਾਂਟ ਦਿੱਤੀ। ਇਸੇ ਤਰਾਂ ਗਊਆਂ ਅਤੇ ਗਊ ਵੰਸ਼ ਦੀ ਬਿਹਤਰੀ ਦੇ ਯਤਨ ਲਗਾਤਾਰ ਜਾਰੀ ਰਹਿਣਗੇ।

**ਸ਼੍ਰੀ ਸੀਮਿੰਟ ਕਾਰਖਾਨਾ –** ਹਲਕੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਪਿੰਡ ਦੇਹਕਲਾਂ ਫ਼ਤਿਹਗੜ ਛੰਨਾਂ ਵਿਖੇ ਸ਼੍ਰੀ ਸੀਮਿੰਟ ਕੰਪਨੀ ਵੱਲੋਂ 700 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਕਾਰਖਾਨੇ ਦਾ ਨੀਂਹ ਪੱਥਰ ਰੱਖਿਆ ਗਿਆ।

**ਦੋ ਨਵੇਂ ਪਾਰਕਾਂ ਦੀ ਉਸਾਰੀ –** 1.17 ਕਰੋੜ ਦੀ ਲਾਗਤ ਨਾਲ ਬਾਇਓਡਾਇਵਰਸਟੀ ਪਾਰਕ ਭਵਾਨੀਗੜ੍ਹ ਅਤੇ 73.2 ਲੱਖ ਦੀ ਲਾਗਤ ਨਾਲ ਫੋਰੈਸਟ ਐਂਡ ਨੇਚਰ ਅਵੇਅਰਨੈਸ ਪਾਰਕ ਸੰਗਰੂਰ ਵਿਖੇ ਬਣਾਏ ਗਏ।



ਮਹਾਰਾਜਾ ਅਗਰਸੈਨ



ਗਊ ਸੇਵਾ ਉੱਤਮ ਸੇਵਾ




ਸ਼੍ਰੀ ਸੀਮਿੰਟ ਕਾਰਖਾਨੇ ਦਾ ਨੀਂਹ ਪੱਥਰ



ਸਾਲਾਸਰ ਧਾਮ ਦੀ ਪੈਦਲ ਯਾਤਰਾ



# ਸਿਹਤ ਸੇਵਾਵਾਂ

**ਪੀ.ਜੀ.ਆਈ. –** ਸੰਸਦ ਮੈਂਬਰ ਵਜੋਂ ਆਪਣੇ ਕਾਰਜਕਾਲ ਦੌਰਾਨ ਪੀ.ਜੀ.ਆਈ. ਦੇ ਇਸ ਵਿਸ਼ਾਲ ਪ੍ਰੋਜੈਕਟ ਨੂੰ ਘਾਬਦਾਂ ਵਿੱਚ ਪ੍ਰਵਾਨਗੀ ਮਿਲੀ। ਇਹ ਯਕੀਨੀ ਬਣਾਉਣ ਲਈ ਕਿ ਸੰਗਰੂਰ ਵਿੱਚ ਕਿਸੇ ਵੀ ਵਿਅਕਤੀ ਨੂੰ ਮਿਆਰੀ ਸਿਹਤ ਸੇਵਾਵਾਂ ਦੀ ਭਾਲ ਵਿੱਚ ਦੂਰ-ਦੁਰਾਡੇ ਥਾਵਾਂ 'ਤੇ ਨਾ ਜਾਣਾ ਪਵੇ।




**ਪੀ.ਜੀ.ਆਈ. ਹਸਪਤਾਲ**

**ਕੈਂਸਰ ਹਸਪਤਾਲ –** ਕੈਂਸਰ ਨਾਲ ਲੜਨ ਅਤੇ ਇਸਦੀ ਸ਼ੁਰੂਆਤੀ ਖੋਜ ਵਿੱਚ ਮਦਦ ਕਰਨ ਲਈ ਅਤਿ ਆਧੁਨਿਕ ਮਸ਼ੀਨਰੀ ਸਥਾਪਤ ਕਰਨ ਵਿੱਚ ਮਦਦ ਕੀਤੀ। ਹੁਣ ਕਿਸੇ ਨੂੰ ਵੀ ਕੈਂਸਰ ਦੇ ਇਲਾਜ ਲਈ ਸੰਗਰੂਰ ਤੋਂ ਬਾਹਰ ਜਾਣ ਦੀ ਲੋੜ ਨਹੀਂ ਹੈ ਕਿਉਂਕ ਇੱਥੇ 95% ਮਰੀਜ਼ਾਂ ਦਾ ਮੁਫ਼ਤ ਇਲਾਜ ਅਤੇ ਦਵਾਈਆਂ 70% ਛੋਟ ਤੇ ਉਪਲਬਧ ਹਨ ਅਤੇ ਇਹ ਸਾਰੇ ਖੇਤਰ ਦੇ ਲੋਕਾਂ ਲਈ ਇੱਕ ਪ੍ਰਮੁੱਖ ਮੈਡੀਕਲ ਹੱਬ ਬਣ ਗਿਆ ਹੈ। ਇਸ ਦੇ ਨਾਲ ਇੰਟਰਵੇਨਸ਼ਨਲ ਰੇਡੀਓਲੋਜੀ ਦੀ ਸੁਵਿਧਾ ਉਪਲਬਧ ਕਰਵਾਈ ਗਈ। ਇਸ ਦੇ ਵਿਕਾਸ ਕਾਰਜ ਤੇ ਮਸ਼ੀਨਰੀ ਉੱਤੇ ਲਾਗਤ 25 ਕਰੋੜ ਅਤੇ PET-CY/ SPECT-CT BUILDING ਦੀ ਉਸਾਰੀ ਲਈ 5 ਕਰੋੜ ਖਰਚ ਕੀਤੇ।

**ਸਿਵਲ ਹਸਪਤਾਲ ਅਪਗ੍ਰੇਡੇਸ਼ਨ –** ਲੋਕਾਂ ਦੇ ਸੁਚਾਰੂ ਇਲਾਜ ਨੂੰ ਯਕੀਨੀ ਬਣਾਉਣ ਲਈ 2 ਕਰੋੜ ਦੀ ਲਾਗਤ ਨਾਲ ਸਿਵਲ ਹਸਪਤਾਲ ਦੇ ਸਾਰੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਅਪਗ੍ਰੇਡ ਕੀਤਾ ਗਿਆ ਹੈ। ਕੋਰੋਨਾ ਕਾਲ ਦੌਰਾਨ ਮਰੀਜ਼ਾਂ ਦੀ ਮੰਗ ਅਨੁਸਾਰ ਆਕਸੀਜਨ ਦੀ ਪੂਰਤੀ ਲਈ ਸਿਵਲ ਹਸਪਤਾਲ ਸੰਗਰੂਰ ਵਿਖੇ ਆਕਸੀਜਨ ਪਲਾਂਟ ਦੀ ਸਥਾਪਨਾ ਕੀਤੀ ਗਈ ਸਿਵਲ ਹਸਪਤਾਲ ਸੰਗਰੂਰ ਵਿਖੇ ਐਮਰਜੈਂਸੀ ਸਿਹਤ ਸੇਵਾਵਾਂ ਦੀ ਬਿਹਤਰੀ ਲਈ ਆਈ.ਸੀ.ਯੂ. ਯੂਨਿਟ ਦਾ ਪੁਨਰ ਨਿਰਮਾਣ ਕੀਤਾ ਗਿਆ।




**ਕੈਂਸਰ ਹਸਪਤਾਲ**




**ਸਿਵਲ ਹਸਪਤਾਲ ਸੰਗਰੂਰ**

# ਵਿਜੈ ਹੀ ਵਿਕਾਸ ਹੈ ਵਿਜੈ ਤੇ ਹੀ ਵਿਸ਼ਵਾਸ ਹੈ

ਸ਼ਾਨਦਾਰ ਸੰਗਰੂਰ



ਮੁਫ਼ਤ ਮੈਡੀਕਲ ਕੈਂਪ ਸੰਗਰੂਰ ਦੇ ਲੋਕਾਂ ਲਈ ਮੇਰੀ ਸੇਵਾ ਵਜੋਂ ਮੁਫ਼ਤ ਮੈਡੀਕਲ ਕੈਂਪ ਦੀ ਮੇਜ਼ਬਾਨੀ ਕੀਤੀ ਅਤੇ ਉਨ੍ਹਾਂ ਨੂੰ ਉਹੀ ਪਿਆਰ ਅਤੇ ਸਮਰਥਨ ਦਿੱਤਾ ਜੋ ਉਨ੍ਹਾਂ ਨੇ ਮੈਨੂੰ ਹਮੇਸ਼ਾ ਦਿੱਤਾ ਹੈ। ਅਸੀਂ ਲੋੜਵੰਦਾਂ ਲਈ ਲਗਭਗ 2000 ਮੁਫ਼ਤ ਮੋਤੀਆ-ਬਿੰਦ ਦੇ ਆਪ੍ਰੇਸ਼ਨ ਕਰਵਾਏ, 20,000 ਐਨਕਾਂ ਵੰਡੀਆਂ ਅਤੇ ਲਗਭਗ 30,000 ਓ.ਪੀ.ਡੀ. ਕੀਤੀਆਂ।

**ਜ਼ਿਮੇਵਾਰ ਸੰਗਰੂਰ –** ਕੋਵਿਡ-19 ਦੇ ਪ੍ਰਕੋਪ ਦੇ ਸਭ ਤੋਂ ਦੁੱਖਦਾਈ ਸਮੇਂ ਦੌਰਾਨ ਵੀ ਸੰਗਰੂਰ ਦੇ ਲੋਕਾਂ ਦੀ ਸੇਵਾ ਲਈ ਲੋਕਾਂ ਨੂੰ ਟੀਕਾਕਰਨ ਦੀ ਸਹੂਲਤ ਦਿੱਤੀ। ਮੈਂ ਇਹ ਸੁਨਿਸ਼ਚਿਤ ਕੀਤਾ ਕਿ ਲੋਕਾਂ ਦੀ ਉਸ ਸਮੇਂ ਦੇਖਭਾਲ ਕੀਤੀ ਜਾਵੇ ਜਦੋਂ ਕੋਈ ਹੋਰ ਆਪਣਾ ਘਰ ਛੱਡਣ ਦੀ ਹਿੰਮਤ ਨਹੀਂ ਕਰਦਾ ਸੀ। ਇਸ ਮੁਸ਼ਕਿਲ ਦੌਰ ਸਮੇ ਜਿਥੇ ਲੋੜਵੰਦ ਪਰਿਵਾਰਾਂ ਨੂੰ ਘਰ੍ਘਰ ਰਾਸ਼ਨ ਮੁਹੱਈਆ ਕਰਵਾਇਆ ਅਤੇ 100 ਬੈਂਡਾਂ ਦਾ ਆਰਜੀ ਹਸਪਤਾਲ ਬਣਵਾ ਕੇ ਆਕਸੀਜਨ ਦਾ ਪ੍ਰਬੰਧ ਕੀਤਾ ਉੱਥੇ ਹੀ ਇਲਾਜ ਸਬੰਧੀ ਦਿੱਲੀ ਦੇ ਵਿਸ਼ੇਸ਼ ਡਾਕਟਰਾਂ ਨਾਲ ਕੋਵਿਡ ਬਿਮਾਰੀ ਸੰਬੰਧੀ ਇਲਾਜ਼ ਤੇ ਜਾਣਕਾਰੀ ਲੈਣ ਲਈ ਟੋਲ ਫ੍ਰੀ ਨੰਬਰ ਮੁਹੱਈਆ ਕਰਵਾਇਆ।

**ਮੈਡੀਕਲ ਕਾਲਜ ਘਾਬਦਾਂ –** ਸੰਗਰੂਰ ਨੂੰ ਮੈਡੀਸਿਟੀ ਦੇ ਤੌਰ ਤੇ ਮਜ਼ਬੂਤ ਕਰਨ ਲਈ ਘਾਬਦਾਂ ਵਿਖੇ ਇੱਕ ਨਵਾਂ ਮੈਡੀਕਲ ਕਾਲਜ 350 ਕਰੋੜ ਦੀ ਲਾਗਤ ਨਾਲ ਸਥਾਪਿਤ ਕਰਨ ਦਾ ਨੀਂਹ ਪੱਥਰ ਰੱਖਿਆ ਗਿਆ ਹੈ ਜੋ ਸਾਡੇ ਨੌਜਵਾਨਾਂ ਨੂੰ ਡਾਕਟਰੀ ਸਿੱਖਿਆ ਪ੍ਰਾਪਤ ਕਰਨ 'ਚ ਸਹਾਈ ਹੋਵੇਗਾ। ਇੱਥੇ ਟ੍ਰੇਨਿੰਗ ਹਾਸਿਲ ਕਰਨ ਵਾਲੇ ਨੌਜਵਾਨਾਂ ਨੂੰ ਟਾਟਾ ਕੈਂਸਰ ਹਸਪਤਾਲ ਅਤੇ ਪੀ.ਜੀ.ਆਈ. ਤੋਂ ਤਜ਼ਰਬਾ ਪ੍ਰਾਪਤ ਹੋਵੇਗਾ।

**ਕੈਂਸਰ ਰੋਗ ਦਾ ਮੁੱਢਲੀ ਸਟੇਜ ਤੇ ਪਛਾਣ ਕਰਨ ਦਾ ਪ੍ਰੋਗਰਾਮ –** ਹੋਮੀ ਭਾਬਾ ਕੈਂਸਰ ਹਸਪਤਾਲ ਵੱਲੋਂ ਸੰਗਰੂਰ ਹਲਕੇ ਵਿੱਚੋਂ ਕੈਂਸਰ ਰੋਗ ਨੂੰ ਜੜ੍ਹੋਂ ਪੁੱਟਣ ਲਈ, ਇਸ ਰੋਗ ਦੀ ਮੁੱਢਲੀ ਸਟੇਜ ਤੇ ਹੀ ਪਛਾਣ ਕਰਨ ਦਾ ਪ੍ਰੋਗਰਾਮ ਚਲਾਇਆ ਗਿਆ ਹੈ ਤਾਂ ਜੋ ਮੁੱਢਲੀ ਸਟੇਜ ਤੇ ਹੀ ਪਤਾ ਲੱਗਣ ਤੇ ਇਸ ਰੋਗ ਦਾ ਇਲਾਜ ਕੀਤਾ ਜਾ ਸਕੇ।



**ਮੈਡੀਕਲ ਕੈਂਪ**



**ਜ਼ਿਮੇਵਾਰ ਸੰਗਰੂਰ**




**ਮੈਡੀਕਲ ਕਾਲਜ**



# ਅੰਤਰਰਾਸ਼ਟਰੀ ਪੱਧਰ ਦੀਆਂ ਖੇਡ ਸਹੂਲਤਾਂ

**ਵਾਰ ਹੀਰੋਜ਼ ਸਟੇਡੀਅਮ –** ਸਿੰਥੈਟਿਕ ਰਨਿੰਗ ਟ੍ਰੈਕ ਸੰਗਰੂਰ ਨੂੰ ਸਾਰੇ ਖੇਤਰ ਦੇ ਖਿਡਾਰੀਆਂ ਅਤੇ ਐਥਲੀਟਾਂ ਲਈ ਇੱਕ ਹੱਬ ਬਣਾਉਣ ਲਈ ਮੇਰੇ ਸੰਸਦ ਮੈਂਬਰ ਵਜੋਂ ਕਾਰਜਕਾਲ ਦੌਰਾਨ ਸੰਗਰੂਰ ਵਿੱਚ ਅਤਿ ਆਧੁਨਿਕ ਸਿੰਥੈਟਿਕ ਰਨਿੰਗ ਟਰੈਕ 7.5 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤਾ ਗਿਆ।

**ਇਨਡੋਰ ਮਲਟੀਪਰਪਜ਼ ਹਾਲ –** ਸਾਡੇ ਐਥਲੀਟਾਂ ਨੂੰ ਵਧਣ੍ਫੁੱਲਣ ਲਈ ਸਭ ਤੋਂ ਉੱਨਤ ਅਤੇ ਆਧੁਨਿਕ ਵਾਤਾਵਰਣ ਪ੍ਰਦਾਨ ਕਰਨ ਵਾਲਾ ਲਗਭਗ 8 ਕਰੋੜ ਦੀ ਲਾਗਤ ਨਾਲ ਇਨਡੋਰ ਮਲਟੀਪਰਪਜ਼ ਹਾਲ ਬਣਾਇਆ ਗਿਆ। ਇਹ ਪੂਰੇ ਖੇਤਰ ਵਿੱਚ ਸਭ ਤੋਂ ਵਧੀਆ ਇਨਡੋਰ ਐਥਲੈਟਿਕਸ ਹਾਲ ਬਣ ਗਿਆ ਹੈ ਅਤੇ 12 ਵੱਖ-ਵੱਖ ਖੇਡਾਂ ਦੀ ਮੇਜ਼ਬਾਨੀ ਕਰ ਸਕਦਾ ਹੈ।

**ਸਵੀਮਿੰਗ ਪੂਲ –** ਨਵੀਨਤਮ ਵਿਦੇਸ਼ੀ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ ਇੱਕ ਨਵਾਂ ਅੰਤਰਰਾਸ਼ਟਰੀ ਮਿਆਰ ਦਾ ਸਵੀਮਿੰਗ ਪੂਲ 7.5 ਕਰੋੜ ਦੀ ਲਾਗਤ ਨਾਲ ਸਥਾਪਿਤ ਕਰਵਾਇਆ ਜਾ ਰਿਹਾ ਹੈ। ਇਹ ਸਾਡੇ ਖਿਡਾਰੀਆਂ ਨੂੰ ਖੇਡਾਂ ਵਿੱਚ ਹੋਰ ਸਹਿਯੋਗ ਦੇਵੇਗਾ। ਇਸ ਤਕਨੀਕ ਦੀ ਵਰਤੋਂ ਕਰਦੇ ਹੋਏ ਪੂਰੇ ਭਾਰਤ ਵਿੱਚ ਇਸ ਕਿਸਮ ਦਾ ਇਹ ਬੰਗਲੌਰ ਤੋਂ ਬਾਅਦ ਦੂਜਾ ਸਵੀਮਿੰਗ ਪੂਲ ਹੈ।

**ਸਕੂਲਾਂ ਵਿੱਚ ਗਰਾਊਂਡ –** ਪਹਿਲੀ ਵਾਰ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਸਪੋਰਟਸ ਗਰਾਊਂਡ ਬਣਾਉਣ ਲਈ 10 ਕਰੋੜ ਦੇ ਲਗਪਗ ਗ੍ਰਾਂਟ ਪ੍ਰਦਾਨ ਕੀਤੀ ਗਈ। ਸਿੱਖਿਆ ਮੰਤਰੀ ਵਜੋਂ ਮੇਰੇ ਕਾਰਜਕਾਲ ਦੌਰਾਨ ਪੰਜਾਬ ਦੇ ਸਾਰੇ ਸਕੂਲਾਂ ਨੂੰ ਖੇਡਾਂ ਦਾ ਸਾਮਾਨ ਖ਼ਰੀਦਣ ਲਈ ਵੀ ਗ੍ਰਾਂਟ ਪ੍ਰਦਾਨ ਕੀਤੀ ਗਈ।



**ਵਾਰ ਹੀਰੋਜ਼ ਸਟੇਡੀਅਮ (ਸਿੰਥੈਟਿਕ ਰਨਿੰਗ ਟ੍ਰੈਕ)**




**ਇਨਡੋਰ ਮਲਟੀਪਰਪਜ਼ ਹਾਲ**

**ਸਪੋਰਟਸ ਪਾਰਕ, ਜਿੰਮ ਅਤੇ ਸਪੋਰਟਸ ਕਲੱਬ –** ਲਗਭਗ 10 ਕਰੋੜ ਦੀ ਲਾਗਤ ਨਾਲ ਹਲਕੇ ਦੇ ਪਿੰਡਾਂ ਵਿੱਚ 13 ਸਪੋਰਟਸ ਪਾਰਕ ਅਤੇ ਵੱਖ-ਵੱਖ ਓਪਨ-ਏਅਰ ਜਿੰਮ ਖੋਲ੍ਹੇ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨੌਜਵਾਨ ਆਪਣੀ ਊਰਜਾ ਦੀ ਵਰਤੋਂ ਕਰ ਸਕਣ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਮਦਦ ਕਰ ਸਕਣ। ਹਲਕੇ ਵਿਚ ਸਥਾਨਕ ਪੱਧਰ 'ਤੇ ਕਈ ਸਪੋਰਟਸ ਕਲੱਬਾਂ ਦੀ ਸਥਾਪਨਾ ਕੀਤੀ ਅਤੇ ਜ਼ਮੀਨੀ ਪੱਧਰ 'ਤੇ ਖੇਡਾਂ ਨੂੰ ਹੁਲਾਰਾ ਦੇਣ ਲਈ ਉਨ੍ਹਾਂ ਦੀ ਵਿੱਤੀ ਸਹਾਇਤਾ ਕੀਤੀ ਗਈ। ਸਕੂਲਾਂ ਲਈ ਰਾਸ਼ਟਰੀ ਪੱਧਰ ਦੇ ਐਥਲੈਟਿਕਸ ਮੁਕਾਬਲੇ ਕਰਵਾਏ ਗਏ।

**ਨੈਸ਼ਨਲ ਸਕੂਲ ਅਥਲੈਟਿਕਸ ਦਾ ਆਯੋਜਨ –** ਅੰਤਰਾਸ਼ਟਰੀ ਪੱਧਰ ਦੀਆਂ ਖੇਡ ਸਹੂਲਤਾਂ ਸਥਾਪਤ ਹੋਣ ਕਰਕੇ ਪਹਿਲੀ ਵਾਰ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿਖੇ ਨੈਸ਼ਨਲ ਸਕੂਲ ਅਥਲੈਟਿਕਸ ਚੈਂਪੀਅਨਸ਼ਿਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪੂਰੇ ਦੇਸ਼ ਦੇ 5,000 ਅਥਲੀਟਾਂ ਨੇ ਭਾਗ ਲਿਆ।

**ਰਣਬੀਰ ਕਾਲਜ ਸੰਗਰੂਰ ਵਿਖੇ ਕ੍ਰਿਕੇਟ ਟੂਰਨਾਮੈਂਟ –** ਸ਼ਹੀਦ ਕਿਸਾਨਾਂ ਦੇ ਸਨਮਾਨ ਵਿੱਚ 10 ਦਿਨਾਂ ਦੀ ਕ੍ਰਿਕੇਟ ਲੀਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸੰਗਰੂਰ ਦੀਆਂ 58 ਟੀਮਾਂ ਨੇ ਹਿੱਸਾ ਲਿਆ। ਇਸ ਟੂਰਨਾਮੈਂਟ ਦੌਰਾਨ ਸਭ ਤੋਂ ਵਧੀਆ ਗੇਂਦਬਾਜ਼ ਅਤੇ ਬੱਲੇਬਾਜ਼ ਦੀ ਪਛਾਣ ਕਰਕੇ ਸਨਮਾਨਿਤ ਕੀਤਾ ਗਿਆ। ਪਹਿਲੇ ਸਥਾਨ ਲਈ 51,000 ਰੁਪਏ ਅਤੇ ਦੂਜੇ ਸਥਾਨ 'ਤੇ ਰਹੀ ਟੀਮ ਨੂੰ 31,000 ਰੁਪਏ ਦਿੱਤੇ ਗਏ। ਫਾਈਨਲ ਵਿੱਚ ਪਹੁੰਚਣ ਵਾਲੇ ਸਭ ਤੋਂ ਵਧੀਆ ਖਿਡਾਰੀਆਂ ਨੂੰ ਆਪਣੀ ਯੋਗਤਾ ਪੇਸ਼ ਕਰਨ ਦਾ ਮੌਕਾ ਪੰਜਾਬ ਕ੍ਰਿਕਟ ਐਸੋਸੀਏਸ਼ਨ, ਮੋਹਾਲੀ ਵਿਖੇ ਦਿੱਤਾ ਜਾਵੇਗਾ।

**ਕੈਂਸਰ ਜਾਗਰੂਕਤਾ ਸਾਈਕਲੋਥੋਨ –** 2 ਜਨਵਰੀ ਨੂੰ ਕੈਂਸਰ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕੈਂਸਰ ਹਸਪਤਾਲ ਤੇ ਮੈਡੀਕਲ ਐਸੋਸੀਏਸ਼ਨ ਦੇ ਸਹਿਯੋਗ ਨਾਲ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿਚ 4000 ਸਾਈਕਲਿਸਟਾਂ ਨੇ ਭਾਗ ਲਿਆ।



ਫੁਵਾਰਾ ਚੌਂਕ




ਰਣਬੀਰ ਕਾਲਜ ਕ੍ਰਿਕੇਟ ਟੂਰਨਾਮੈਂਟ



ਸਾਈਕਲੋਥੋਨ

ਵਿਜੈ ਹੀ ਵਿਕਾਸ ਹੈ ਵਿਜੈ ਤੇ ਹੀ ਵਿਸ਼ਵਾਸ ਹੈ

ਸ਼ਾਨਦਾਰ ਸੰਗਰੂਰ



# ਸਿੱਖਿਆ ਸਹੂਲਤਾਂ

**ਭਾਰਤ ਵਿੱਚ ਪਹਿਲਾ ਸਥਾਨ –** ਸਿੱਖਿਆ ਮੰਤਰੀ ਵਜੋਂ ਮੇਰੇ ਕਾਰਜਕਾਲ ਦੌਰਾਨ ਭਾਰਤ ਸਰਕਾਰ ਵੱਲੋਂ 70 ਵੱਖ ਵੱਖ ਪੈਮਾਨਿਆਂ ਦੇ ਆਧਾਰ ਤੇ ਕਰਵਾਏ ਗਏ ਪ੍ਰਦਰਸ਼ਨ ਮਾਪਕ ਸੂਚਅੰਕ (ਪੀ.ਜੀ.ਆਈ.) ਸਰਵੇਖਣ ਅਨੁਸਾਰ ਪੰਜਾਬ ਨੇ ਪਹਿਲੀ ਵਾਰ ਪੂਰੇ ਦੇਸ਼ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।

**ਪਾਰਦਰਸ਼ੀ ਆਨਲਾਈਨ ਅਧਿਆਪਕ ਤਬਾਦਲਾ ਨੀਤੀ –** ਅਧਿਆਪਕਾਂ ਦੀ ਚਿਰਾਂ ਤੋਂ ਲਟਕਦੀ ਮੰਗ ਨੂੰ ਪੂਰਾ ਕਰਨ ਲਈ ਇੱਕ ਪਾਰਦਰਸ਼ੀ ਅਧਿਆਪਕ ਆਨਲਾਈਨ ਤਬਾਦਲਾ ਨੀਤੀ ਬਣਾਈ ਗਈ ਤਾਂ ਜੋ ਇਹ ਯਕੀਨੀ ਬਣੇ ਕਿ ਸਾਰੇ ਅਧਿਆਪਕਾਂ ਦੇ ਤਬਾਦਲੇ ਇੱਕ ਯੋਗਤਾਪੂਰਨ ਅਤੇ ਪਾਰਦਰਸ਼ੀ ਵਿਧੀ ਤੇ ਆਧਾਰਿਤ ਹੋਣ।

**ਨਵੇਂ ਕਲਾਸ ਰੂਮ –** ਸਿੱਖਿਆ ਮੰਤਰੀ ਵਜੋਂ ਮੇਰੇ ਕਾਰਜਕਾਲ ਦੌਰਾਨ ਪੰਜਾਬ ਦੇ ਸਕੂਲਾਂ 'ਚ ਲਗਭਗ 4 ਹਜ਼ਾਰ ਸਮਾਰਟ ਕਲਾਸ ਰੂਮ ਬਣਾਏ ਗਏ ਅਤੇ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਕਲਾਸ ਰੂਮ ਲਈ ਪ੍ਰੋਜੈਕਟਰ, ਸੋਲਰ ਪੈਨਲ ਮੁੱਹਈਆ ਕਰਵਾਏ ਗਏ।

**ਸਮਾਰਟ ਸਕੂਲ ਪ੍ਰਾਜੈਕਟ –** ਸਿੱਖਿਆ ਮੰਤਰੀ ਵਜੋਂ ਮੇਰੇ ਕਾਰਜਕਾਲ ਦੌਰਾਨ ਪੰਜਾਬ ਦੇ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਸਹੂਲਤਾਂ ਪ੍ਰਦਾਨ ਕਰਨ ਲਈ ਸਮਾਰਟ ਸਕੂਲ ਪ੍ਰੋਜੈਕਟ ਸ਼ੁਰੂ ਕੀਤਾ ਗਿਆ। 90% ਤੋਂ ਵੱਧ ਸਕੂਲ ਸਮਾਰਟ ਸਕੂਲਾਂ ਵਿਚ ਤਬਦੀਲ ਕੀਤੇ ਗਏ।



**ਸਮਾਰਟ ਸਕੂਲ**



**ਸ.ਸ.ਸ.ਸ. ਚੰਨੋ**




**ਸ.ਸ.ਸ.ਸ. ਸਕਰੋਦੀ**

# ਵਿਜੈ ਹੀ ਵਿਕਾਸ ਹੈ ਵਿਜੈ ਤੇ ਹੀ ਵਿਸ਼ਵਾਸ ਹੈ

ਸ਼ਾਨਦਾਰ ਸੰਗਰੂਰ



**ਨਵਾਂ ਡਿਗਰੀ ਕਾਲਜ ਰੋਸ਼ਨਵਾਲਾ –** 2017 ਵਿੱਚ ਕੀਤੇ ਵਾਅਦੇ ਅਨੁਸਾਰ ਭਵਾਨੀਗੜ੍ਹ ਅਤੇ ਆਸ ਪਾਸ ਦੇ ਪਿੰਡਾਂ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੀ ਸਹੂਲਤ ਪ੍ਰਦਾਨ ਕਰਨ ਲਈ ਰੋਸ਼ਨਵਾਲਾ ਵਿਖੇ 12.5 ਕਰੋੜ ਦੀ ਲਾਗਤ ਨਾਲ ਇੱਕ ਨਵਾਂ ਡਿਗਰੀ ਕਾਲਜ ਸਥਾਪਿਤ ਕੀਤਾ ਗਿਆ। ਇਸ ਕਾਲਜ ਵਿੱਚ ਵਿਦਿਆਰਥੀਆਂ ਦੀ ਮਿਆਰੀ ਸਿੱਖਿਆ ਸ਼ੁਰੂ ਹੋ ਚੁੱਕੀ ਹੈ।

**ਰਣਬੀਰ ਕਾਲਜ ਅਤੇ ਡਾਇਟ ਵਿੱਚ ਨਵੇਂ ਆਡੀਟੋਰੀਅਮ –** ਲਗਭਗ 6.65 ਕਰੋੜ ਦੀ ਲਾਗਤ ਨਾਲ ਸਾਡੇ ਨੌਜਵਾਨਾਂ ਨੂੰ ਵਧੀਆ ਪਲੇਟਫਾਰਮ ਪ੍ਰਦਾਨ ਕਰਨ ਲਈ ਇਕੋ ਇੱਕ ਨਵਾਂ ਅਤਿ-ਆਧੁਨਿਕ ਆਡੀਟੋਰੀਅਮ ਅਤੇ ਇੱਕ ਨਵੀਂ ਡਿਜੀਟਲ-ਲਾਇਬਰੇਰੀ ਸਥਾਪਿਤ ਕੀਤੀ ਗਈ।

**ਸਮਾਰਟ ਸਕੂਲ –** ਹਲਕਾ ਸੰਗਰੂਰ ਅੰਦਰ 44 ਕਰੋੜ ਦੀ ਲਾਗਤ ਨਾਲ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲ ਬਣਾਇਆ ਗਿਆ।

**ਸਾਈਕੋ ਮੀਟ੍ਰਿਕ ਟੈਸਟ –** ਸੰਗਰੂਰ ਹਲਕੇ ਦੇ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਅੱਠਵੀਂ ਤੋਂ ਬਾਰਵੀਂ ਤੱਕ ਦੇ 25,000 ਵਿਦਿਆਰਥੀਆਂ ਦਾ ਸਾਈਕੋ ਮੀਟ੍ਰਿਕ ਟੈਸਟ ਕਰਵਾਇਆ ਗਿਆ ਤਾਂ ਜੋ ਮਾਪਿਆਂ ਨੂੰ ਬੱਚਿਆਂ ਦੀਆਂ ਵਿੱਦਿਅਕ ਯੋਗਤਾਵਾਂ ਦਾ ਸਹੀ ਅੰਦਾਜ਼ਾ ਹੋ ਸਕੇ।

**ਗਿਣਤੀ ਵਿੱਚ ਵਾਧਾ –** ਮੇਰੇ ਕਾਰਜਕਾਲ ਦੌਰਾਨ ਸਰਕਾਰੀ ਸਕੂਲਾਂ ਵਿੱਚ 5.5 ਲੱਖ ਵਿਦਿਆਰਥੀਆਂ ਦਾ ਦਾਖਲਾ ਵਧਿਆ ਕਿਉਂਕਿ ਮਾਪੇ ਹਰ ਪਹਿਲੂ ਵਿੱਚ ਨਿੱਜੀ ਸਕੂਲਾਂ ਨਾਲੋਂ ਸਰਕਾਰੀ ਸਕੂਲਾਂ ਉੱਤੇ ਜ਼ਿਆਦਾ ਭਰੋਸਾ ਕਰਨ ਲੱਗੇ ਹਨ।

**ਸੰਗਰੂਰ ਹਲਕੇ ਦੇ 11 ਸਕੂਲ ਅੱਪਗਰੇਡ –** ਮੰਗਵਾਲ, ਭਿੰਡਰਾ, ਬਲਿਆਲ, ਬਾਸੀਅਰਕ, ਅਕੋਈ ਸਾਹਿਬ, ਰਾਮਪੁਰਾ, ਦੇਹਕਲਾਂ, ਪੁਲਿਸ ਲਾਇਨ ਸੰਗਰੂਰ, ਹਰੀਪੁਰਾ, ਮੁਨਸ਼ੀਵਾਲਾ ਅਤੇ ਰੇਤਗੜ੍ਹ ਦੇ ਸਕੂਲ ਅੱਪਗਰੇਡ ਕੀਤੇ।

**ਡੀ.ਈ.ਓ (ਐਲੀਮੈਂਟਰੀ) ਸੰਗਰੂਰ –** ਦਫ਼ਤਰ ਦੀ ਨਵ ਉਸਾਰੀ 1.46 ਕਰੋੜ ਦੀ ਲਾਗਤ ਨਾਲ ਕਰਵਾਈ।






ਰਣਬੀਰ ਕਾਲਜ਼ ਆਡੀਟੋਰੀਅਮ




ਸ.ਸ.ਸ.ਸ. ਸਾਰੋਂ



# ਸੜਕਾਂ ਅਤੇ ਪੁੱਲ

**ਸੜਕਾਂ –** ਸੰਗਰੂਰ ਹਲਕੇ ਵਿੱਚ ਵਧੀਆ ਸੰਪਰਕ ਯਕੀਨੀ ਬਣਾਉਣ ਲਈ 300 ਕਿਲੋਮੀਟਰ ਸੜਕਾਂ ਨੂੰ ਵਧੀਆ ਕੁਆਲਿਟੀ ਦਾ ਬਣਾਇਆ ਗਿਆ ਅਤੇ ਚੌੜਾ ਕੀਤਾ ਗਿਆ ਤਾਂ ਜੋ ਕਿਸਾਨਾਂ ਨੂੰ ਫਸਲਾਂ ਮੰਡੀਆਂ ਤੱਕ ਪਹੁੰਚਾਉਣ ਵਿੱਚ ਕੋਈ ਦਿੱਕਤ ਨਾ ਆਵੇ ਅਤੇ ਇਲਾਕਾ ਨਿਵਾਸੀਆਂ ਨੂੰ ਆਉਣ ਜਾਣ ਵਿੱਚ ਸੌਖ ਰਹੇ।

**ਪਿੰਡਾਂ ਦੀਆਂ ਸੜਕਾਂ –** ਹਲਕੇ ਦੇ ਪਿੰਡਾਂ ਨੂੰ ਆਪਸ ਵਿੱਚ ਮਿਲਾਉਣ ਵਾਲੀਆਂ ਸੜਕਾਂ ਨੂੰ ਚੌੜਾ ਕੀਤਾ ਗਿਆ ਅਤੇ ਕੱਚੇ ਰਸਤਿਆਂ ਨੂੰ ਸ਼ਾਨਦਾਰ ਸੜਕਾਂ ਵਿੱਚ ਤਬਦੀਲ ਕੀਤਾ ਗਿਆ।

**4 ਲੇਨ ਸੜਕਾਂ –** ਗੁਰਦਵਾਰਾ ਦੁਖਨਿਵਾਰਨ ਸਾਹਿਬ – ਫਤਿਹਗੜ੍ਹ ਸਾਹਿਬ – ਚਮਕੌਰ ਸਾਹਿਬ – ਬੇਲਾ ਦੀ ਸੜਕ 120 ਕਰੋੜ ਦੀ ਲਾਗਤ ਨਾਲ 2 ਲੇਨ ਤੋਂ 4 ਲੇਨ ਚੌੜੀ ਕਰਨ ਦੀ ਘੋਸ਼ਣਾ ਕੀਤੀ ਗਈ ਇਹ ਕੁੱਲ ਟੋਟਾ 24.551 ਕਿਲੋਮੀਟਰ ਦਾ ਹੈ ।

**ਰੇਲਵੇ ਅੰਡਰ ਬ੍ਰਿਜ –** 4.5 ਕਰੋੜ ਲਾਗਤ ਨਾਲ ਬਰਨਾਲਾ ਰੋਡ ਤੇ ਰੇਲਵੇ ਅੰਡਰ ਬ੍ਰਿਜ ਦੀ ਉਸਾਰੀ ਕੀਤੀ ਗਈ।

**ਮਾਤਾ ਗੁਜਰੀ ਮਾਰਗ –** ਤੁਹਾਡੇ ਸੇਵਾਦਾਰ ਨੂੰ ਲੋਕ ਨਿਰਮਾਣ ਮੰਤਰੀ ਵਜੋਂ ਸ੍ਰੀ ਫਤਹਿਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਚਮਕੌਰ ਸਾਹਿਬ ਨੂੰ ਸੜਕਾਂ ਰਾਹੀਂ ਜੋੜਨ ਅਤੇ ਮਾਰਗ ਦਾ ਨਾਮ ਮਹਾਨ ਮਾਤਾ ਗੁਜਰੀ ਜੀ ਦੇ ਨਾਮ ਤੇ ਰੱਖਣ ਲਈ ਇੱਕ ਨਿਮਾਣਾ ਯੋਗਦਾਨ ਦੇਣ ਦਾ ਇੱਕ ਹੋਰ ਮੌਕਾ ਮਿਲਿਆ।

**ਜੈਵਿਕ ਵਿਭਿੰਨਤਾ ਪਾਰਕ –** 1.56 ਕਰੋੜ ਦੀ ਲਾਗਤ ਨਾਲ ਭਵਾਨੀਗੜ੍ਹ ਵਿਖੇ ਜੈਵਿਕ ਵਿਭਿੰਨਤਾ ਪਾਰਕ ਬਣਾਇਆ ਗਿਆ।



ਪੁਲਾਂ ਤੇ ਸੜਕਾਂ ਦਾ ਜਾਲ



ਟੋਭਿਆਂ ਦਾ ਪੁਨਰ–ਨਿਰਮਾਣ

# ਸੀਵਰੇਜ ਅਤੇ ਵਾਟਰ ਸਪਲਾਈ

**ਸੀਵਰੇਜ –** ਸੰਗਰੁਰ ਭਵਾਨੀਗੜ੍ਹ ਅਤੇ ਹਲਕੇ ਦੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ 232 ਕਰੋੜ ਦੀ ਰਾਸ਼ੀ ਨਾਲ ਸੀਵਰੇਜ ਸਿਸਟਮ ਸਥਾਪਿਤ ਕੀਤਾ ਗਿਆ।

**ਵਾਟਰ ਸਪਲਾਈ –** ਸੰਗਰੂਰ ਭਵਾਨੀਗੜ੍ਹ ਅਤੇ ਹਲਕੇ ਦੇ ਪਿੰਡਾਂ ਵਿੱਚ ਹਰ ਘਰ ਤੱਕ ਪੀਣ ਵਾਲਾ ਪਾਣੀ ਪਹੁੰਚਾਉਣ ਲਈ ਵੱਡੇ ਪੱਧਰ ਉੱਤੇ ਯਤਨ ਕੀਤੇ ਗਏ।

**ਟੋਭਿਆਂ ਦਾ ਪੁਨਰ–ਨਿਰਮਾਣ ਕੀਤਾ –** 14 ਕਰੋੜ ਦੀ ਲਾਗਤ ਨਾਲ ਪਿੰਡਾਂ ਵਿੱਚ ਸਾਫ਼–ਸਫ਼ਾਈ ਨੂੰ ਯਕੀਨੀ ਬਣਾਉਣ ਲਈ ਸਾਰੇ ਟੋਭਿਆਂ ਨੂੰ ਪੱਕਾ ਅਤੇ ਸੁੰਦਰ ਬਣਾਇਆ ਗਿਆ।

**ਸੋਲਰ ਮੋਟਰ ਪੰਪ –** ਟਰੀਟਮੈਂਟ ਕੀਤੇ ਪਿੰਡਾਂ ਦੇ ਗੰਦੇ ਪਾਣੀ ਨੂੰ ਖੇਤਾਂ ਦੀ ਸਿੰਚਾਈ ਕਰਨ ਲਈ ਵਰਤੋਂ ਵਿੱਚ ਲਿਆਂਦਾ ਗਿਆ। ਇਸ ਲਈ 53 ਪਿੰਡਾਂ ਵਿੱਚ ਸੋਲਰ ਮੋਟਰ ਪੰਪ ਲਗਾਏ ਗਏ ਹਨ।

ਵਿਜੈ ਹੀ ਵਿਕਾਸ ਹੈ ਵਿਜੈ ਤੇ ਹੀ ਵਿਸ਼ਵਾਸ ਹੈ

ਸ਼ਾਨਦਾਰ ਸੰਗਰੂਰ



# ਕਿਸਾਨ ਭਰਾਵਾਂ ਲਈ ਯਤਨ

ਮੇਰੇ ਦੁਆਰਾ ਕਾਲੇ ਕਾਨੂੰਨਾਂ ਦਾ ਡਟ ਕੇ ਵਿਰੋਧ ਕੀਤਾ ਗਿਆ ਅਤੇ ਸਿੰਘੂ ਬਾਰਡਰ ਤੇ ਪਹੁੰਚ ਕੇ ਅੰਦੋਲਨ ਨੂੰ ਆਪਣਾ ਪੂਰਾ ਸਮਰਥਨ ਦਿੱਤਾ। ਇਸ ਤੋਂ ਇਲਾਵਾ ਸੰਗਰੂਰ ਮੰਡੀ ਵਿੱਖੇ ਇੱਕ ਦਿਨ ਦੀ ਭੁੱਖ ਹੜਤਾਲ ਕੀਤੀ ਗਈ। ਇਸ ਤਰ੍ਹਾਂ ਕਿਸਾਨਾਂ ਦੀ ਬਿਹਤਰੀ ਲਈ ਅਣਥੱਕ ਯਤਨ ਕਰਦੇ ਹੋਏ ਯੋਗ ਕਦਮ ਚੁੱਕੇ ਗਏ।

**ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਅਤੇ ਸਰਕਾਰੀ ਨੌਕਰੀਆਂ –** ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਸੰਗਰੂਰ ਜ਼ਿਲ੍ਹੇ ਦੇ 55 ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ 5 ਲੱਖ ਰੁਪਏ ਦੀ ਆਰਥਿਕ ਸਹਾਇਤਾ ਅਤੇ 23 ਪਰਿਵਾਰਾਂ ਦੇ ਮੈਂਬਰਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆ ਗਈਆਂ।

**ਸ਼ਹੀਦ ਕਿਸਾਨਾਂ ਦੀ ਯਾਦਗਾਰ –** ਕਿਸਾਨੀ ਅੰਦੋਲਨ ਦੇ ਸਾਰੇ ਸੰਗਰੂਰ ਹਲਕੇ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਪਹਿਲੀ ਯਾਦਗਾਰ "ਯਾਦਗਾਰ-ਏ-ਸ਼ਹੀਦਾਂ" ਦਾ ਨਿਰਮਾਣ ਕਰਵਾਇਆ ਗਿਆ। ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਪਿੰਡਾਂ ਵਿੱਚ ਉਨ੍ਹਾਂ ਦੇ ਸ਼ਹੀਦ ਹੋਏ ਕਿਸਾਨਾਂ ਦੀ ਯਾਦਗਾਰ ਬਣਾਉਣ ਲਈ ਪੰਚਾਇਤਾਂ ਨੂੰ 2.5 ਲੱਖ ਦੀ ਗ੍ਰਾਂਟ ਦਿੱਤੀ ਗਈ ।

**ਫਸਲਾਂ ਦੀ ਯਕੀਨੀ ਅਤੇ ਸੁਵਿਧਾਜਨਕ ਖਰੀਦ –** ਸਰਕਾਰ ਦੁਆਰਾ ਫਸਲਾਂ ਦੀ ਖਰੀਦ ਵਿੱਚ ਆਸਾਨੀ ਨੂੰ ਯਕੀਨੀ ਬਣਾਇਆ ਗਿਆ ਅਤੇ ਤੁਰੰਤ ਅਦਾਇਗੀ ਸੁਨਿਸ਼ਚਿਤ ਕਰਵਾਈ ਗਈ। 1.7 ਕਰੋੜ ਦੀ ਲਾਗਤ ਨਾਲ ਸੰਗਰੂਰ ਅਤੇ ਭਵਾਨੀਗੜ੍ਹ ਦੀਆਂ ਅਨਾਜ ਮੰਡੀਆਂ ਦਾ ਵਿਕਾਸ ਅਤੇ ਅਪਗ੍ਰੇਡੇਸ਼ਨ ਕਰਨ ਦੇ ਨਾਲ-ਨਾਲ ਸ਼ਹੀਦ ਕਿਸਾਨਾਂ ਨੂੰ ਸਮਰਪਿਤ ਨਵੇ ਸ਼ੈੱਡ ਬਣਾਏ ਗਏ।

**ਲਖੀਮਪੁਰ ਖੀਰੀ ਘਟਨਾਂ ਦੇ ਪੀੜਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਯਤਨ –** ਕਾਇਰ ਭਾਜਪਾ ਮੰਤਰੀ ਦੇ ਪੁੱਤਰ ਵੱਲੋਂ ਗੱਡੀ ਹੇਠ ਕੁਚਲੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਲਖੀਮਪੁਰ ਖੀਰੀ ਤੱਕ ਮਾਰਚ ਕੀਤਾ ਅਤੇ ਭਾਜਪਾ ਮੰਤਰੀ ਦੇ ਭਗੌੜੇ ਪੁੱਤਰ ਦੀ ਗ੍ਰਿਫਤਾਰੀ ਨੂੰ ਯਕੀਨੀ ਬਣਾਉਣ ਲਈ ਪੀੜਤ ਦੇ ਘਰ ਭੁੱਖ ਹੜਤਾਲ ਕੀਤੀ।

**ਕਿਸਾਨਾਂ ਦੀ ਕਰਜ਼ਾ ਮੁਆਫੀ –** ਕਿਸਾਨਾਂ ਨੂੰ ਕਰਜੇ ਤੋਂ ਰਾਹਤ ਦਿਵਾਉਣ ਲਈ 5.63 ਲੱਖ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਗਿਆ। ਜਿਸਦੀ ਕੁੱਲ ਰਾਸ਼ੀ 4610 ਕਰੋੜ ਦੇ ਲਗਭਗ ਬਣਦੀ ਹੈ।

**ਡਿਸਟ੍ਰਿਬੂਟੇਰੀ ਦੀ ਉਸਾਰੀ –** ਖੇਤਾਂ ਤੱਕ ਪਾਣੀ ਪਹੁੰਚਾਉਣ ਲਈ 33 ਕਰੋੜ ਦੀ ਲਾਗਤ ਨਾਲ ਨਾਦਾਮਪੁਰ ਅਤੇ ਭਵਾਨੀਗੜ੍ਹ ਡਿਸਟ੍ਰਿਬੂਟੇਰੀ ਨੂੰ ਮਜ਼ਬੂਤ ਕੀਤਾ ਗਿਆ।

**ਫੜ੍ਹਾਂ ਦੀ ਉਸਾਰੀ –** ਅਨਾਜ ਮੰਡੀ ਨਾਦਾਮਪੁਰ, ਭੱਟੀਵਾਲ ਕਲਾਂ ਤੇ ਘਰਾਚੋਂ, ਸੰਗਰੂਰ ਅਨਾਜ਼ ਮੰਡੀ ਵਿਖੇ ਫੜ੍ਹ ਦੀ ਉਸਾਰੀ ਕੀਤੀ ਗਈ।



ਲਖੀਮਪੁਰ ਖੀਰੀ ਪੀੜਤ ਪਰਿਵਾਰਾਂ ਨਾਲ



ਸ਼ਹੀਦ ਕਿਸਾਨਾਂ ਦੀ ਯਾਦਗਾਰ

# ਵਿੱਜੈ ਹੀ ਵਿਕਾਸ ਹੈ ਵਿੱਜੈ ਤੇ ਹੀ ਵਿਸ਼ਵਾਸ ਹੈ

ਸ਼ਾਨਦਾਰ ਸੰਗਰੂਰ



**ਸੇਫ ਸਿਟੀ ਪ੍ਰੋਜੈਕਟ –** ਸੰਗਰੂਰ, ਭਵਾਨੀਗੜ੍ਹ ਦੇ ਵਾਰਡਾਂ ਅਤੇ ਹਲਕੇ ਦੇ ਸਾਰੇ ਪਿੰਡਾਂ ਵਿੱਚ 3 ਕਰੋੜ ਦੀ ਲਾਗਤ ਨਾਲ ਸੀ.ਸੀ.ਟੀ.ਵੀ ਕੈਮਰੇ ਲਗਾਏ ਗਏ। ਜਿਸ ਨਾਲ ਸੰਗਰੂਰ ਪੰਜਾਬ ਵਿਚੋਂ ਦੂਜਾ ਸੇਫ ਸਿਟੀ ਬਣ ਗਿਆ ਹੈ।

**ਮਹਿਲਾ ਪੁਲਿਸ ਸਟੇਸ਼ਨ ਦੀ ਸਥਾਪਨਾ –** ਔਰਤਾਂ ਦੀ ਦੇਖਭਾਲ ਕਰਨਾ ਮੇਰੀ ਤਰਜੀਹ ਹੈ। ਇਸ ਲਈ ਮੈਂ ਇੱਕ ਆਲ-ਵੂਮੈਨ ਪੁਲਿਸ ਸਟੇਸ਼ਨ ਦੀ ਸਥਾਪਨਾ ਕੀਤੀ ਤਾਂ ਜੋ ਔਰਤਾਂ ਅਧਿਕਾਰੀਆਂ ਤੱਕ ਪਹੁੰਚ ਕਰਦੇ ਹੋਏ ਸੁਰੱਖਿਅਤ ਮਹਿਸੂਸ ਕਰਨ ਅਤੇ ਉਹਨਾਂ ਦੇ ਮੁੱਦਿਆਂ ਲਈ ਇੱਕ ਸਮਰਪਿਤ ਪਲੇਟਫਾਰਮ ਹੋਵੇ।

**ਸ਼ਗਨ-ਰਾਸ਼ੀ –** 21000 ਰੁਪਏ ਤੋਂ ਵਧਾ ਕੇ 51000 ਕਰਨ ਤੋਂ ਬਾਅਦ ਇਹ ਯਕੀਨੀ ਬਣਾਇਆ ਗਿਆ ਕਿ ਸਾਡੀਆਂ ਸਾਰੀਆਂ ਯੋਗ ਧੀਆਂ ਨੂੰ ਉਨ੍ਹਾਂ ਦਾ ਲਾਭ ਮਿਲੇ।

**ਮਾਣ ਭੱਤੇ ਵਿਚ ਵਾਧਾ –** ਮਿਡ ਡੇ ਮੀਲ ਵਰਕਰ, ਆਂਗਨਵਾੜੀ ਵਰਕਰ ਅਤੇ ਆਸ਼ਾ ਵਰਕਰਾਂ ਦੇ ਮਾਣ ਭੱਤੇ ਵਿੱਚ ਵਾਧਾ ਕਰਕੇ ਉਨ੍ਹਾਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਕੀਤਾ ਗਿਆ।

**ਬਸੇਰਾ ਸਕੀਮ (ਪਲਾਟਾਂ ਦੀ ਮਲਕੀਅਤ)** – ਉਹਨਾਂ ਲੋਕਾਂ ਦੀ ਮਦਦ ਕਰਨਾ ਮੇਰੇ ਲਈ ਇੱਕ ਬਹੁਤ ਵੱਡਾ ਸਨਮਾਨ ਸੀ, ਜਿਨ੍ਹਾਂ ਕੋਲ ਪਲਾਟਾਂ ਦੀ ਕੋਈ ਰਜਿਸਟਰੀ ਨਹੀਂ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਨੂੰ ਉਹਨਾਂ ਦੇ ਪਲਾਟਾਂ ਦਾ ਮਾਲਕੀ ਹੱਕ ਅਤੇ ਸਨਮਾਨ ਮਿਲੇ।

**ਪਲਾਟਾਂ ਦੀ ਵੰਡ –** ਬਿਨਾਂ ਕਿਸੇ ਭੇਦਭਾਵ ਤੋਂ 1000 ਤੋਂ ਵੀ ਵੱਧ ਯੋਗ ਲਾਭਪਾਤਰੀਆਂ ਨੂੰ 5-5 ਮਰਲੇ ਦੇ ਪਲਾਟ ਵੰਡ ਕੇ ਬੇਜ਼ਮੀਨੇ ਲੋਕਾਂ ਨੂੰ ਜ਼ਮੀਨ ਦੇਣ ਦਾ ਵਾਅਦਾ ਪੂਰਾ ਕੀਤਾ।

**ਪੈਨਸ਼ਨ –** 250 ਰੁਪਏ ਤੋਂ ਪੈਨਸ਼ਨ ਵਧਾ ਕੇ 1500 ਕੀਤੀ ਗਈ। ਮੈਂ ਇਹ ਸੁਨਿਸ਼ਚਿਤ ਕੀਤਾ ਕਿ ਸਾਰੇ ਯੋਗ ਲਾਭਪਾਤਰੀਆਂ ਦਾ ਨਾਮ ਦਰਜ਼ ਕੀਤਾ ਜਾਵੇ ਅਤੇ ਹਲਕੇ ਦੇ 17,000 ਦੇ ਲੱਗਭਗ ਲਾਭਪਾਤਰੀਆਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਪੈਨਸ਼ਨ ਦੀ ਸਹੂਲਤ ਮੁੱਹਇਆ ਕਰਵਾਈ ਗਈ।










# ਧਾਰਮਿਕ ਉਪਰਾਲੇ ਅਤੇ ਉਪਲਭਧੀਆਂ

**ਸ਼੍ਰੀ ਕਰਤਾਰਪੁਰ ਸਾਹਿਬ –** ਤੁਹਾਡੇ ਇਸ ਨਿਮਾਣੇ ਸੇਵਕ ਨੂੰ ਸ਼੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਵੇਲੇ ਦੋ ਵਾਰ ਸੇਵਾ ਕਰਨ ਤੇ ਦਰਸ਼ਨ ਦੀਦਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਗੁਰੂ ਸਾਹਿਬ ਦੇ ਚਰਨਾਂ ਵਿੱਚ ਹਲਕਾ ਵਾਸੀਆਂ ਦੀ ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

**550ਵੇਂ ਪ੍ਰਕਾਸ਼ ਉਤਸਵ –** ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਮਾਗਮਾਂ ਦੌਰਾਨ ਸੁਲਤਾਨਪੁਰ ਲੋਧੀ ਵਿਖੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸਿੱਖਿਆ ਵਿਭਾਗ ਵੱਲੋਂ ਰਾਜ ਪੱਧਰੀ ਵਿੱਦਿਅਕ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੂੰ ਰਾਜ ਪੱਧਰੀ ਸਮਾਗਮ ਦੌਰਾਨ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕੀਤਾ ਗਿਆ।

**ਪਿੰਡਾਂ ਦਾ ਵਿਕਾਸ –** ਸੰਗਰੂਰ ਹਲਕੇ ਦੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਿੰਡਾਂ ਵਿੱਚ ਵੱਡੇ ਪੱਧਰ ਉੱਤੇ ਵਿਕਾਸ ਕਾਰਜ ਕਰਵਾਉਣ ਦਾ ਸੁਭਾਗ ਪ੍ਰਾਪਤ ਹੋਇਆ।

**ਮਾਤਾ ਗੁਜਰੀ ਮਾਰਗ –** ਤੁਹਾਡੇ ਸੇਵਾਦਾਰ ਨੂੰ ਲੋਕ ਨਿਰਮਾਣ ਮੰਤਰੀ ਵੱਜੋਂ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਸ੍ਰੀ ਚਮਕੌਰ ਸਾਹਿਬ ਨੂੰ ਸੜਕਾਂ ਰਾਹੀ ਜੋੜਨ ਅਤੇ ਇਸ ਮਾਰਗ ਦਾ ਨਾਮ ਮਹਾਨ ਮਾਤਾ ਗੁਜਰੀ ਜੀ ਦੇ ਨਾਮ ਤੇ ਰੱਖਣ ਲਈ ਇੱਕ ਨਿਮਾਣਾ ਯੋਗਦਾਨ ਦੇਣ ਦਾ ਮੌਕਾ ਮਿਲਿਆ।

**ਬੰਦਾ ਬਹਾਦਰ ਦਾ ਬੁੱਤ –** ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਮਹਾਨ ਬੰਦਾ ਸਿੰਘ ਬਹਾਦਰ ਜੀ ਦੀ ਯਾਦਗਾਰ ਵਿੱਚ ਓਹਨਾ ਦੇ ਬੁੱਤ ਦੀ ਉਸਾਰੀ ਲਈ ਇਸ ਸੇਵਾਦਾਰ ਵਲੋਂ ਨਿਮਾਣਾ ਯੋਗਦਾਨ ਦਿੱਤਾ ਗਿਆ।







ਪਰਿਵਾਰ ਸਮੇਤ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਦੀ ਯਾਦਗਾਰੀ ਤਸਵੀਰ

ਵਿਜੈ ਹੀ ਵਿਕਾਸ ਹੈ ਵਿਜੈ ਤੇ ਹੀ ਵਿਸ਼ਵਾਸ ਹੈ

ਸ਼ਾਨਦਾਰ ਸੰਗਰੂਰ



# ਅਜਾਇਬ ਘਰ ਅਤੇ ਬਨਾਸਰ ਬਾਗ

**ਬਨਾਸਰ ਬਾਗ ਦੀ ਕਾਇਆ ਕਲਪ ਅਤੇ ਸੁੰਦਰੀਕਰਨ –** ਬਨਾਸਰ ਬਾਗ ਨੂੰ ਇਸਦੀ ਪੁਰਾਣੀ ਸ਼ਾਨ ਵਿੱਚ ਬਹਾਲ ਕਰਕੇ ਸਾਡੀ ਵਿਰਾਸਤ ਅਤੇ ਇਤਿਹਾਸ ਨੂੰ ਮੁੜ ਸੁਰਜੀਤ ਕਰ ਸੁਰੱਖਿਅਤ ਕੀਤਾ। ਅਜਾਇਬ ਘਰ, ਦੀਵਾਨ ਖ਼ਾਨਾ ਅਤੇ ਬਨਾਸਰ ਬਾਗ ਵਿਰਾਸਤੀ ਕੰਪਲੈਕਸ ਨੂੰ 4 ਵਿਰਾਸਤੀ ਗੇਟਾਂ ਦੇ ਨਾਲ ਨਵਾਂ ਰੂਪ ਦਿੱਤਾ ਗਿਆ।

**ਵਿਰਾਸਤੀ ਗੇਟ –** ਕਿਸੇ ਵੇਲੇ ਚਾਰ ਗੇਟ (ਨਾਭਾ ਗੇਟ, ਸੁਨਾਮੀ ਗੇਟ, ਪਟਿਆਲਾ ਗੇਟ ਅਤੇ ਧੂਰੀ ਗੇਟ) ਸੰਗਰੂਰ ਸ਼ਹਿਰ ਦੀ ਸ਼ਾਨ ਹੋਇਆ ਕਰਦੇ ਸਨ ਇਸ ਪੁਰਾਣੀ ਵਿਰਾਸਤ ਨੂੰ ਮੁੜ ਸੁਰਜੀਤ ਕਰਨ ਲਈ ਇਹ ਚਾਰੇ ਗੇਟ ਮੁੜ ਉਸਾਰੇ ਜਾ ਰਹੇ ਹਨ। ਜੋ ਸੰਗਰੂਰ ਦੀ ਸ਼ਾਨ ਨੂੰ ਵਧਾਉਣਗੇ।

**ਰਾਜ ਹਾਈ ਸਕੂਲ –** ਰਾਜ ਹਾਈ ਸਕੂਲ ਦੀ ਵਿਰਾਸਤੀ ਇਮਾਰਤ ਖੰਡਰ ਬਣ ਚੁੱਕੀ ਸੀ। ਇਸ ਸਕੂਲ ਦੀ ਵਿਰਾਸਤੀ ਦਿੱਖ ਨੂੰ ਬਰਕਰਾਰ ਰੱਖਦੇ ਹੋਏ ਇਸ ਦੀ ਪੁਨਰ ਸੁਰਜੀਤੀ ਕੀਤੀ ਗਈ ਹੈ।

**ਅੰਬੇਦਕਰ ਯਾਦਗਾਰੀ ਕਮਿਊਨਟੀ ਹਾਲ ਦੀ ਉਸਾਰੀ –** ਭਵਾਨੀਗੜ੍ਹ ਵਿਖੇ 75 ਲੱਖ ਦੀ ਲਾਗਤ ਨਾਲ ਡਾ. ਬੀ.ਆਰ. ਅੰਬੇਦਕਰ ਚੇਤਨਾ ਮੰਚ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਿਆ।

**ਭਗਵਾਨ ਵਾਲਮੀਕਿ ਸਰੋਵਰ ਦੀ ਉਸਾਰੀ –** ਸੰਗਰੂਰ ਵਿਖੇ 1.25 ਕਰੋੜ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਭਗਵਾਨ ਵਾਲਮੀਕਿ ਸਰੋਵਰ ਦਾ ਨੀਂਹ ਪੱਥਰ ਰੱਖਿਆ।











ਰਾਜ ਸਕੂਲ ਦੀ ਵਿਰਾਸਤੀ ਇਮਾਰਤ



ਫ੍ਰੀ ਮੈਡੀਕਲ ਕੈਂਪ



ਬਜ਼ੁਰਗਾਂ ਨੂੰ ਮਾਨ ਅਤੇ ਸਨਮਾਨ



ਕਿਸਾਨੀ ਪ੍ਰੋਟੈਸਟ ਦੌਰਾਨ



ਘਰ ਘਰ ਰੋਜ਼ਗਾਰ ਸਕੀਮ



ਸੰਗਰੂਰ ਹੈਰੀਟੇਜ ਮੇਲਾ



ਬਸੇਰਾ ਸਕੀਮ



ਸੰਗਰੂਰ ਟੀ-10 ਕ੍ਰਿਕਟ ਟੂਰਨਾਮੈਂਟ



ਕੈਂਸਰ ਜਾਗਰੂਕਤਾ ਸਾਈਕਲੋਥੌਨ

VijayinderSinglaMP

VijayinderSingla

VijayinderSingla

ਛਾਪਕ: ਫੁਲਕੀਆਂ ਪ੍ਰੈਸ ਪ੍ਰਾ.ਲਿਮ., ਪਟਿਆਲਾ Qty. 1000
ਜਾਰੀਕਰਤਾ: ਪਰਮਿੰਦਰ ਸ਼ਰਮਾ, ਸੰਗਰੂਰ